# ਕਿੰਡਰਗਾਰਟਨ ਜਾਣ ਨਾਲ ...

**ਮਜ਼ਬੂਤ ਨੀਂਹ ਦੀ ਉਸਾਰੀ**

- ਸਕੂਲ ਜਾਣ ਦੀ ਚੰਗੀ ਸ਼ੁਰੂਆਤ ਹੁੰਦੀ ਹੈ

**ਤੁਹਾਡੇ ਬੱਚੇ ਦੀਆਂ ਦੁਨੀਆਂ ਦੇ ਘੇਰੇ ਨੂੰ ਵਧਾਉਣਾ**

- ਨਵੇਂ ਦੋਸਤ ਬਣਦੇ ਹਨ
- ਨਵੇਂ ਲੋਕ ਮਿਲਦੇ ਹਨ
- ਰਲਕੇ ਕੰਮ ਕਰਦੇ ਹਨ

**ਖੇਡਾਂ ਰਾਹੀਂ ਸਿੱਖਾਉਣਾ**

- ਨਵੇਂ ਰਾਹ ਲੱਭਦੇ ਹਨ
- ਉਸਾਰੀ ਹੁੰਦੀ ਹੈ
- ਕੁਝ ਕਰੀਦਾ ਹੈ

**ਵੱਧਣਾ ਅਤ ਵੱਡੇ ਹੋਣਾ**

- ਨਵੇਂ ਹੁਨਰ ਸਿੱਖਣ ਨੂੰ ਮਿਲਦੇ ਹਨ

**ਬੱਚੇ ਨੂੰ ਪੂਰਾ ਧਿਆਨ ਦੇਣਾ**

- ਕਲਾਮਈ ਅਤੇ ਸੁੰਦਰਤਾਮਈ ਵਿਕਾਸ ਹੁੰਦਾ ਹੈ
- ਭਾਵਾਤਮਕ ਅਤੇ ਸਮਾਜਿਕ ਵਿਕਾਸ ਹੁੰਦਾ ਹੈ
- ਬੌਧਿਕ ਵਿਕਾਸ ਹੁੰਦਾ ਹੈ
- ਸਰੀਰਕ ਵਿਕਾਸ ਹੁੰਦਾ ਹੈ
- ਸਮਾਜਿਕ ਜ਼ਿੰਮੇਵਾਰੀ ਸਿੱਖਣ ਦਾ ਮੌਕਾ ਮਿਲਦਾ ਹੈ

## ਮਾਤਾ-ਪਿਤਾ ਅਕਸਰ ਇਹ ਸਵਾਲ ਪੁੱਛਦੇ ਹਨ

***ਮੇਰਾ ਬੱਚਾ ਕਿੰਡਰਗਾਰਟਨ ਕਦੋਂ ਜਾਵੇਗਾ?***

ਹਰ ਸਕੂਲ ਵੱਖਰਾ ਹੈ। ਪਹਿਲਾਂ ਤੁਹਾਡਾ ਬੱਚਾ ਛੋਟੇ ਗਰੁੱਪ ਵਿੱਚ ਨਿਯਮਿਤ 2.5 ਘੰਟੇ ਦੇ ਸੈਸ਼ਨ ਨਾਲੋਂ ਘੱਟ ਸਮੇਂ ਲਈ ਸਕੂਲ ਜਾਵੇਗਾ। ਇਸਨੂੰ ਗਰੈਜੂਅਲ ਐਂਟਰੀ ਆਖਦੇ ਹਨ।

ਤੁਹਾਡੇ ਬੱਚੇ ਦਾ ਸਕੂਲ ਗਰੈਜੂਅਲ ਐਂਟਰੀ ਅਤੇ ਨਿਯਮਿਤ ਸੈਸ਼ਨਾਂ ਦੀਆਂ ਤਾਰੀਖ਼ਾਂ ਅਤੇ ਸਮੇਂ ਬਾਰੇ ਜਾਣਕਾਰੀ ਭੇਜੇਗਾ।

***ਕਿੰਡਰਗਾਰਟਨ ਲਈ ਗਰੈਜੂਅਲ ਐਂਟਰੀ ਕਿਉਂ ਜ਼ਰੂਰੀ ਹੈ।***

ਗਰੈਜੂਅਲ ਐਂਟਰੀ ਨਾਲ ਟੀਚਰ ਨੂੰ ਤੁਹਾਡੇ ਬੱਚੇ ਨੂੰ ਨਿੱਜੀ ਤੌਰ 'ਤੇ ਜਾਣਨ ਦਾ ਮੌਕਾ ਮਿਲਦਾ ਹੈ ਤਾਂ ਕਿ ਬੱਚਾ ਕਲਾਸ ਵਿੱਚ ਆਰਾਮ ਨਾਲ ਬੈਠ ਸਕੇ।



***ਮੈਂ ਆਪਣੇ ਬੱਚੇ ਨੂੰ ਕਿੰਡਰਗਾਰਟਨ ਲਈ ਕਿਵੇਂ ਤਿਆਰ ਕਰ ਸਕਦਾ/ਦੀ ਹਾਂ?***

**ਤੁਸੀਂ ਇਸ ਤਰ੍ਹਾਂ ਮਦਦ ਕਰ ਸਕਦੇ ਹੋ:**

- ਬੱਚੇ ਨੂੰ ਹੱਲਾ ਸ਼ੇਰੀ ਦਿਓ
- ਬੱਚੇ ਨੂੰ ਰੋਜ਼ ਕੁਝ ਪੜ੍ਹ ਕੇ ਸੁਣਾਓ
- ਬੱਚੇ ਨੂੰ ਡਰਾਇੰਗ, ਪੇਂਟ ਅਤੇ ਕਾਗਜ਼ ਕੱਟਣ ਅਤੇ ਜੋੜਣ ਲਈ ਸਮਾਂ, ਥਾਂ ਅਤੇ ਸਮਾਨ ਦਿਓ
- ਆਪਣੇ ਬੱਚੇ ਨੂੰ ਦੂਜਿਆਂ ਨਾਲ ਚੀਜ਼ਾਂ ਵੰਡਣ, ਰਲਕੇ ਖੇਡਣ ਅਤੇ ਉਹਨਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨ ਲਈ ਉਤਸਾਹਤ ਕਰਨਾ ਸਿਖਾਓ
- ਆਪਣੇ ਬੱਚੇ ਨੂੰ ਛੋਟੇ- ਛੋਟੇ ਕੰਮ ਕਰਨ ਲਈ ਆਖੋ
- ਬੱਚੇ ਨੂੰ ਟਾਇਲਟ ਜਾਣ ਦੀਆਂ ਚੰਗੀਆਂ ਆਦਤਾਂ ਸਿਖਾਓ
- ਬੱਚਿਆਂ ਨੂੰ ਚੰਗੀਆਂ ਆਦਤਾਂ ਦੀ ਵਰਤੋਂ ਕਰਨਾ ਸਿਖਾਓ
- ਬੱਚੇ ਨੂੰ ਬਿਨਾਂ ਕਿਸੇ ਦੀ ਮਦਦ ਦੇ ਤਿਆਰ ਹੋਣਾ ਸਿਖਾਉਣਾ (ਜ਼ਿਪ ਬੰਦ ਕਰਨਾ, ਟਾਇਪਿੰਗ ਆਦਿ)
- ਇਹ ਯਕੀਨੀ ਬਣਾਓ ਕਿ ਬੱਚੇ ਦੇ ਸਾਰੇ ਟੀਕੇ ਲੱਗੇ ਹੋਏ ਹਨ
- ਬੱਚਿਆਂ ਨੂੰ ਬੀਚ, ਅਜਾਇਬ ਘਰ ਆਦਿ ਦਿਖਾਉਣ ਲੈਕੇ ਜਾਓ
- ਬੱਚੇ ਨਾਲ ਸਕੂਲ ਜਾਣ ਬਾਰੇ ਗੱਲਾਂ ਕਰੋ

***ਮੈਂ ਟੀਚਰ ਨੂੰ ਕਦੋਂ ਮਿਲਾਂਗਾ/ਗੀ?***
***ਮੇਰੇ ਬੱਚੇ ਨੂੰ ਕਿਹੜੀਆਂ ਚੀਜ਼ਾਂ ਦੀ ਲੋੜ ਪਵੇਗੀ?***
***ਸਨੈਕਸ ਕਿਹੋ ਜਿਹੇ ਚਾਹੀਦੇ ਹਨ?***
***ਸਕੂਲ ਮੈਨੂੰ ਜਾਣਕਾਰੀ ਕਿਵੇਂ ਭੇਜੇਗਾ?***

ਲੈਂਗਲੀ ਕਿੰਡਰਗਾਰਡਨ ਦੇ ਟੀਚਰ ਬੱਚਿਆਂ ਦਾ ਵੱਖਰੇ ਢੰਗਾਂ ਨਾਲ ਸਵਾਗਤ ਕਰਦੇ ਹਨ। ਤੁਹਾਡੇ ਬੱਚੇ ਦੇ ਟੀਚਰ ਸਤੰਬਰ ਵਿੱਚ ਕਿੰਡਰਗਾਰਡਨ ਸ਼ੂਰੂ ਹੋਣ ਤੋਂ ਪਹਿਲਾਂ ਤੁਹਾਨੂੰ ਇਸ ਬਾਰੇ ਸਾਰੀ ਜਾਣਕਾਰੀ ਅਤੇ ਤੁਹਾਡੇ ਸਾਰੇ ਸਵਾਲਾਂ ਦੇ ਉੱਤਰ ਦੇਣਗੇ।

# ਮਾਪਿਆਂ ਲਈ ਕਿੰਡਰਗਾਰਡਨ ਬਾਰੇ ਹੈਂਡਬੁਕ (ਕਿਤਾਬਚਾ)

ਸਤੰਬਰ ਵਿੱਚ ਤੁਹਾਨੂੰ ਇੱਕ ਕਿਤਾਬਚਾ ਮਿਲੇਗਾ ਜਿਸ ਵਿੱਚ ਮਾਪਿਆਂ ਲਈ ਸਿਲੇਬਸ ਬਾਰੇ ਜਾਣਕਾਰੀ ਹੋਵੇਗੀ।
ਇਸ ਕਿਤਾਬਚੇ ਵਿੱਚ ਕਿੰਡਰਗਾਰਡਨ ਪ੍ਰੋਗਰਾਮ ਬਾਰੇ ਪੂਰੀ ਜਾਣਕਾਰੀ ਦਰਜ ਹੈ। ਇਸ ਵਿੱਚ ਉਹਨਾਂ ਸਵਾਲਾਂ ਦੇ ਜਵਾਬ ਵੀ ਹਨ ਜਿਹੜੇ ਤੁਸੀਂ ਪੁੱਛਣਾ ਚਾਹੁੰਦੇ ਹੋ, ਜਿਵੇਂ ਕਿ:

- ਕੀ ਮੇਰਾ ਬੱਚਾ ਕਿੰਡਰਗਾਰਡਨ ਵਿੱਚ ਪੜ੍ਹਨਾ ਸਿੱਖੇਗਾ?
- ਕੀ ਮੇਰਾ ਬੱਚਾ ਲਿਖਣਾ ਸਿੱਖੇਗਾ?
- ਹਿਸਾਬ ਬਾਰੇ ਕੀ ਕਹਿਣਾ ਹੈ?
- ਜੇਕਰ ਮੇਰੇ ਬੱਚੇ ਦੀਆਂ ਖਾਸ ਲੋੜਾਂ ਹਨ ਤਾਂ ਉਹਨਾਂ ਬਾਰੇ ਕੀ ਹੋਵੇਗਾ?
- ਸਕੂਲ ਵਿੱਚ ਹੋਰ ਕਿਹੜੀਆਂ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ?
-

ਸਕੂਲ ਵਿੱਚ ਤੁਹਾਡੇ ਬੱਚੇ ਦਾ ਪਹਿਲਾ ਸਾਲ ਅਨੋਖਾ ਤੇ ਚੁਣੌਤੀ ਭਰਪੂਰ ਹੋਵੇਗਾ। ਲੈਂਗਲੀ ਕਿੰਡਰਗਾਰਡਨ ਦੇ ਟੀਚਰ ਤੁਹਾਡੇ ਅਤੇ ਤੁਹਾਡੇ ਬੱਚੇ ਨਾਲ ਰਲਕੇ ਕੰਮ ਕਰਨ ਲਈ ਉਤਸ਼ਾਹਤ ਹਨ।

# ਪੂਰੇ ਦਿਨ ਦਾ ਕਿੰਡਰਗਾਰਡਨ

ਸਿਖਿਆ ਮੰਤਰਾਲਾ ਹੌਲੀ ਹੌਲੀ ਆਉਂਦੇ ਦੋ ਸਾਲਾਂ ਦੌਰਾਨ ਹਰੇਕ ਲਈ ਪੂਰੇ ਦਿਨ ਦੇ ਕਿੰਗਰਗਾਰਡਨ ਦਾ ਪ੍ਰਬੰਧ ਕਰ ਰਿਹਾ ਹੈ।ਮੰਤਰਾਲੇ ਨੇ ਦੱਸਿਆ ਹੈ ਕਿ ਸਤੰਬਰ 2010 ਤੱਕ ਬੀ ਸੀ ਦੇ ਅੱਧੇ ਯੋਗ ਵਿਦਿਆਰਥੀ ਪੂਰੇ ਦਿਨ ਦੇ ਕਿੰਡਰਗਾਰਡਨ ਜਾ ਸਕਣਗੇ ਅਤੇ ਸਤੰਬਰ 2011 ਤੱਕ ਸਾਰੇ ਸੂਬੇ ਭਰ ਵਿੱਚ ਪੂਰੇ ਦਿਨ ਦੇ ਕਿੰਡਰਗਾਰਡਨ ਦਾ ਪ੍ਰਬੰਧ ਹੋਵੇਗਾ।ਫਿਰ ਵੀ ਇਹ ਫੈਸਲਾ ਮਾਪੇ ਕਰਨਗੇ ਕਿ ਕੀ ਉਹ ਆਪਣੇ ਬੱਚਿਆਂ ਨੂੰ ਕਿੰਡਰਗਾਰਡਨ ਵਿੱਚ ਦਾਖਲ ਕਰਾਉਣਾ ਚਾਹੁੰਦੇ ਹਨ ਜਾਂ ਨਹੀਂ।
ਵਧੇਰੇ ਜਾਣਕਾਰੀ ਲਈ ਜਾਓ ਲਈ ਵੇਖੋ:

http://www.bced.gov.bc.ca/early_learning/full_day_kindergarten.ht

ਲੈਂਗਲੀ ਸਕੂਲ ਡਿਸਟਰਿਕਟ (#35)
4875-222 ਸਟਰੀਟ
ਲੈਂਗਲੀ, ਬੀ ਸੀ
ਕੈਨੇਡਾ
V3A 3Z7
ਫੋਨ : (604) 534-7891
ਫੈਕਸ : (604) 533-1115

Phone: (604) 534-7891
Fax: (604) 533-1115

Langley Schools

# ਲੈਂਗਲੀ ਕਿੰਡਰਗਾਰਡਨ ਵਿੱਚ ਤੁਹਾਡਾ ਸਵਾਗਤ ਹੈ

## ਮਾਪਿਆਂ ਲਈ ਜਾਣਕਾਰੀ

